ਸਤਲੁਜ

ਇੱਕ ਸਰਲ ਅਧਿਐਨ

NEP & CBSE ਦੀ ਗਾਈਡਲਾਈਨ ਅਨੁਸਾਰ

ਛੇਵੀਂ ਜਮਾਤ ਲਈ ਪੰਜਾਬੀ ਪੁਸਤਕ

R-3

ਮਨਵੀਰ ਕੌਰ

B.Ed., PTET, CTET, MA-Punjabi,

ਹਰਜੋਤ ਕੌਰ

MA, B.Ed., PTET, CTET

ਸਪਤਰਿਸ਼ੀ ਪਬਲੀਕੇਸ਼ਨ

SELECTED BOOK PREVIEW

SATLUJ | Class 6 Punjabi

A curated look inside the actual printed book

IN THIS PREVIEW

- Class VI Punjabi: illustrated reading and letter recognition
- Gurmukhi practice, vocabulary and learner-friendly exercises
- Short reading passages with associated classroom activities

ORIGINAL PDF PAGES INCLUDED

1, 4, 5, 6, 7, 11, 21, 27, 52, 62, 92, 93, 94, 104, 105, 107

These are selected, non-consecutive pages. Original printed page numbers and book content have been preserved.

SEE THE BOOK AND REQUEST SCHOOL INFORMATION

Open book details

For Schools & Teachers

ਪਾਠ-ਸੂਚੀ

ਲੜੀ ਨੰ.	ਪਾਠ	ਪੰਨਾ ਨੰ.
	ਇਕਾਈ - 1 (ਸੁਣਨਾ ਅਤੇ ਬੋਲਣਾ)	
1.	ਪੰਛੀਆਂ ਦੇ ਗੀਤ	05
2.	ਆਓ ਸਿਆਣੇ ਬਣੀਏ	06
3.	ਦਿਵਾਲੀ ਦਾ ਤਿਉਹਾਰ	08
4.	ਵਿਸਾਖੀ	09
5.	ਤ੍ਰਿੰਞਣ	10
	ਇਕਾਈ - 2 (ਮੁੱਢਲੀ ਜਾਣਕਾਰੀ)	
6.	ਗੁਰਮੁਖੀ ਵਰਣਮਾਲਾ	11
7.	ਲਗਾਂ ਅਤੇ ਲਗਾਖਰ	27
8.	ਦੁੱਤ ਅੱਖਰ	62
	ਇਕਾਈ - 3 (ਆਓ ਪੰਜਾਬੀ ਵਿੱਚ ਜਾਣੀਏ ਤੇ ਸਿੱਖੀਏ)	
9.	ਗਿਣਤੀ ਦੀ ਰੇਲਗੱਡੀ	68
10.	ਹਫ਼ਤੇ ਦੇ ਦਿਨ	74
11.	ਮਹੀਨਿਆਂ ਦੇ ਨਾਂ	76
12.	ਰੰਗਾਂ ਦੇ ਨਾਂ	79
13.	ਫਲਾਂ ਦੇ ਨਾਂ	82
14.	ਸਬਜ਼ੀਆਂ ਦੇ ਨਾਂ	84
15.	ਸਰੀਰ ਦੇ ਅੰਗ	86
16.	ਸਾਡੇ ਰਿਸ਼ਤੇ	89
	ਇਕਾਈ - 3 ਸਾਹਿਤ ਰੂਪ)	
17.	ਤਿੰਨ ਦੋਸਤ	92
18.	ਹਾਏ ਗਰਮੀ	95
19.	ਛੱਤਬੀੜ ਚਿੜੀਆ ਘਰ ਦੀ ਸੈਰ	101
20	ਗਰਮੀਆਂ ਦੀਆਂ ਛੁੱਟੀਆਂ	104



ਪਾਠ-1

ਪੰਛੀਆਂ ਦੇ ਗੀਤ



ਪੰਛੀ ਮੈਨੂੰ ਗੀਤ ਸੁਣਾ

ਚਿੜੀਏ ਚਿੜੀਏ
ਚੀਂ ਚੀਂ ਗਾ,
ਕਾਵਾਂ ਕਾਵਾਂ
ਢੋਲ ਵਜਾ।
ਕੋਇਲੇ ਮਿੱਠਾ
ਗੀਤ ਸੁਣਾ,
ਮੋਰ ਪਿਆਰੇ
ਪੈਲਾਂ ਪਾ।
ਘੁੱਗੀਏ
ਘੁੰਗੂੰ-ਘੁੰਗੂੰ-ਗਾ,
ਉੱਡੀਂ ਕਬੂਤਰ
ਅੰਬਰੀਂ ਜਾ।
ਗੰਗਾ-ਰਾਮ
ਚੂਰੀ ਖਾ,
ਚੂਰੀ ਖਾ ਕੇ
ਨਕਲਾਂ ਲਾਹ।









ਚਿੜੀ

ਆ ਨੀਂ ਨਿੱਕੀਏ
ਚਿੜੀਏ ਆ,
ਮੈਨੂੰ ਆਪਦਾ
ਗੀਤ ਸੁਣਾ
ਕੂਲ਼ੇ ਕੂਲ਼ੇ
ਤੇਰੇ ਖੰਭ,
ਕਿੰਨੇ ਸੋਹਣੇ
ਲੱਗਣ ਰੰਗ।
ਸਾਡੇ ਵਿਹੜੇ
ਰੌਣਕ ਲਾਵੇਂ,
ਨਿੱਤ ਦਿਹਾੜੇ
ਗੀਤ ਸੁਣਾਵੇਂ।
ਆ ਮੈਂ ਤੈਨੂੰ
ਚੋਗਾ ਪਾਵਾਂ,
ਦਾਣੇ ਪਾ ਕੇ
ਖੁਸ਼ੀ ਮਨਾਵਾਂ।
ਤੇਰੀ ਨਿੱਕੀ
ਚੁੰਝ ਪਿਆਰੀ,
ਉੱਡ ਜਾਵੇਂ ਤੂੰ
ਮਾਰ ਉਡਾਰੀ।
ਚੰਗੀ ਲੱਗੇ
ਚੀਂ-ਚੀਂ ਤੇਰੀ,
ਠਹਿਰੀਂ ਠਹਿਰੀਂ
ਸੁਣ ਗੱਲ ਮੇਰੀ।











ਚਿੜੀ ਸਭ ਤੋਂ ਵੱਧ ਜਾਣਿਆ-ਪਛਾਣਿਆ ਪੰਛੀ ਹੈ ਜੋ ਹਰ ਥਾਂ ਮਿਲਦਾ ਹੈ। ਕੁੱਪ, ਖੇਤ ਤੇ ਘਰ ਇਸ ਦੇ ਟਿਕਾਣੇ ਹਨ। ਇਸ ਦੀ ਮੁੱਖ ਖੁਰਾਕ ਦਾਣੇ ਜਾਂ ਬੀਜ ਹਨ। ਚਿੜੀ ਘਾਹ-ਫੂਸ ਦੀਆਂ ਤਿੜਾਂ ਵਾਲੇ ਨਿੱਕੇ ਜਿਹੇ ਆਲ੍ਹਣੇ 'ਚ ਤਿੰਨ ਤੋਂ ਪੰਜ ਤੱਕ ਅੰਡੇ ਦਿੰਦੀ ਹੈ।

ਅਧਿਆਪਕ ਲਈ

ਅਧਿਆਪਕ ਬੱਚਿਆਂ ਨੂੰ ਇਹ ਕਵਿਤਾ ਗਾ ਕੇ/ਉਚਾਰ ਕੇ ਸੁਣਾਏਗਾ ਅਤੇ ਵਿਦਿਆਰਥੀਆਂ ਨੂੰ ਵੱਖ-ਵੱਖ ਪੰਛੀਆਂ ਬਾਰੇ ਜਾਣਕਾਰੀ ਇਕੱਤਰ ਕਰਨ ਨੂੰ ਕਹੇਗਾ।



ਆਓ ਸਿਆਣੇ ਬਣੀਏ









ਆਓ ਸਿਆਣੇ ਬਣੀਏ

ਸਮੇਂ ਨਾਲ ਪੜ੍ਹੋ



ਰੁੱਖ ਲਗਾਓ



ਵੱਡਿਆਂ ਦਾ ਆਦਰ ਕਰੋ



ਆਲ਼ਾ-ਦੁਆਲ਼ਾ ਸਾਫ਼ ਰੱਖੋ



ਗੁਰਮੁਖੀ ਵਰਣਮਾਲਾ

ੳ



ਧੁਨੀ / SOUND	ਊੜਾ	ऊड़ा	Ura
ਵਸਤੂ ਦਾ ਨਾਮ / OBJECT NAME	ਉੱਲੂ	उल्लू	Owl

ੳ - ਉੱਲੂ ਰਾਤ ਨੂੰ ਜਾਗਦਾ ਹੈ।

ਅ



ਧੁਨੀ / SOUND	ਆੜਾ	आड़ा	Ara
ਵਸਤੂ ਦਾ ਨਾਮ / OBJECT NAME	ਅਨਾਰ	अनार	Pomegranate

ਅ - ਅਨਾਰ ਲਾਲ ਰੰਗ ਦਾ ਫ਼ਲ ਹੈ।

ੲ



ਧੁਨੀ / SOUND	ਈੜੀ	ईड़ी	Iri
ਵਸਤੂ ਦਾ ਨਾਮ / OBJECT NAME	ਇਮਲੀ	इमली	Tamarind

ੲ - ਇਮਲੀ ਖੱਟੀ-ਮਿੱਠੀ ਹੁੰਦੀ ਹੈ।

ਸ



ਧੁਨੀ / SOUND	ਸੱਸਾ	सस्सा	Sassa
ਵਸਤੂ ਦਾ ਨਾਮ / OBJECT NAME	ਸੇਬ	सेब	Apple

ਸ - ਸੇਬ ਸਿਹਤ ਲਈ ਚੰਗਾ ਹੁੰਦਾ ਹੈ।

ਹ



ਧੁਨੀ / SOUND	ਹਾਹਾ	हाहा	Haha
ਵਸਤੂ ਦਾ ਨਾਮ / OBJECT NAME	ਹਾਥੀ	हाथी	Elephant

ਹ - ਹਾਥੀ ਵੱਡਾ ਤੇ ਤਾਕਤਵਰ ਜਾਨਵਰ ਹੈ।

ਅਭਿਆਸ

ਤਸਵੀਰ ਵੇਖ ਕੇ ਪਹਿਲਾ ਅੱਖਰ ਲਿਖੋ।

1 

2 

3 

4 

5 

6 

ਧੁਨੀ ਲਿਖੋ

ਕ — ਪੰਜਾਬੀ ਵਿੱਚ _____ ਹਿੰਦੀ ਵਿੱਚ _____ English _____

ਖ — ਪੰਜਾਬੀ ਵਿੱਚ _____ ਹਿੰਦੀ ਵਿੱਚ _____ English _____

ਗ — ਪੰਜਾਬੀ ਵਿੱਚ _____ ਹਿੰਦੀ ਵਿੱਚ _____ English _____

ਚ — ਪੰਜਾਬੀ ਵਿੱਚ _____ ਹਿੰਦੀ ਵਿੱਚ _____ English _____

ਜ — ਪੰਜਾਬੀ ਵਿੱਚ _____ ਹਿੰਦੀ ਵਿੱਚ _____ English _____

ਹੇਠਾਂ ਦਿੱਤੇ ਸ਼ਬਦਾਂ ਦਾ ਪਹਿਲਾ ਅੱਖਰ ਲਿਖੋ

1. _____ ਅਨਾਰ
2. _____ ਕਮਲ
3. _____ ਤੋਤਾ
4. _____ ਗੁਬਾਰਾ
5. _____ ਸੇਬ
6. _____ ਬੱਤਖ਼
7. _____ ਰੁਮਾਲ
8. _____ ਨਲਕਾ
9. _____ ਫੁੱਲ
10. _____ ਘੜੀ
11. _____ ਤਿਤਲੀ
12. _____ ਜਹਾਜ਼
13. _____ ਦਰਵਾਜ਼ਾ
14. _____ ਪਹਾੜ
15. _____ ਚਿੜੀ

ਮੁਕਤਾ

ਤਸਵੀਰ ਵੇਖ ਕੇ ਸ਼ਬਦ ਪੜ੍ਹੋ ।

1	2	3	4	5	6
					
ਘਰ	ਨਲ	ਕਲਮ	ਕਮਲ	ਫ਼ਲ	ਬਸ

ਅਭਿਆਸ

1. ਇਹ ਵੀ ਪੜ੍ਹੋ:

ਮਨ	ਧਨ	ਫ਼ਲ	ਜਲ	ਨਲ	ਘਰ
ਕਰ	ਪਰ	ਰਥ	ਬਸ	ਡਰ	ਚਲ
ਕਮਲ	ਨਮਕ	ਨਗਰ	ਗਗਨ	ਪਵਨ	ਮਟਰ
ਚਮਕ	ਸੜਕ	ਮਗਰ	ਅਮਰ	ਅਦਰਕ	ਕਸਰਤ
ਬਰਤਨ	ਸਰਕਸ	ਮਤਲਬ	ਹਲਚਲ	ਬਚਪਨ	ਖਟਪਟ
ਝਟਪਟ	ਹਰਕਤ	ਦਲਦਲ	ਸਰਗਰਮ	ਅਕਲ	ਅਮਨ

2. ਵਾਕ ਪੜ੍ਹੋ:

ਕਮਲ ਘਰ ਚੱਲ।	ਅਮਨ ਕਸਰਤ ਕਰ।	ਪਵਨ ਘਰ ਵਲ ਚੱਲ।
ਨਲ ਬੰਦ ਕਰ।	ਮਟਰ ਭਰ।	ਨਰਮ ਫਲ ਖਾ।
ਫਲ ਖਾ।	ਬਰਤਨ ਫੜ।	ਅਕਲ ਵਰਤ।

ਮੁਕਤਾ ਵਾਲੇ ਕੁਝ ਹੋਰ ਸ਼ਬਦ ਲਿਖੋ।

ਬਿੰਦੀ (ਂ)

ਬਿੰਦੀ — ਨੱਕੀ ਧੁਨੀ ਦਾ ਚਿੰਨ੍ਹ

ਬਿੰਦੀ (ਂ) ਅੱਖਰ ਦੇ ਉੱਪਰ ਲੱਗਦੀ ਹੈ। ਇਹ ਸੁਰ/ਮਾਤਰਾ ਦੀ ਧੁਨੀ ਨੂੰ ਨਾਸਿਕੀ ਬਣਾਉਂਦੀ ਹੈ। ਕਾਂ, ਗਾਂ, ਮੀਂਹ, ਪੀਂਘ, ਕੈਂਚੀ ਵਰਗੇ ਸ਼ਬਦਾਂ ਵਿੱਚ ਬਿੰਦੀ ਸਾਫ਼ ਸੁਣਾਈ ਦਿੰਦੀ ਹੈ। ਸ਼ਬਦ-ਜੋੜ ਸਿੱਖਦੇ ਸਮੇਂ ਬਿੰਦੀ ਦੀ ਥਾਂ ਅਤੇ ਮਾਤਰਾ ਦੋਵੇਂ ਧਿਆਨ ਨਾਲ ਵੇਖੋ।

ਬਿੰਦੀ ਮਾਤਰਾ

ਬਿੰਦੀ (ਂ) ਅੱਖਰ ਦੇ ਉੱਪਰ ਲੱਗਦੀ ਹੈ ਤੇ ਅੱਖਰ ਦੀ ਆਵਾਜ਼ ਬਦਲ ਦਿੰਦੀ ਹੈ ।
ਹੇਠਾਂ ਦਿੱਤੇ ਸ਼ਬਦ ਪੜ੍ਹੋ ਤੇ ਲਿਖੋ ।

1	2	3	4	5	6
					
ਕਾਂ	ਗਾਂ	ਡਾਂਗ	ਪੀਂਘ	ਕਿਤਾਬਾਂ	ਕੈਂਚੀ

ਬਿੰਦੀ ਸ਼ਬਦ-ਭੰਡਾਰ

ਕਾਂ	ਗਾਂ	ਮਾਂ	ਬਾਂਗ	ਡਾਂਗ	ਸਮਾਂ
ਭਾਂਡਾ	ਆਂਡਾ	ਤਾਂਗਾ	ਮੀਂਹ	ਪੀਂਘ	ਨੀਂਦ
ਬੈਂਤ	ਬੈਂਕ	ਤੀਆਂ	ਧੀਆਂ	ਝਾਂਸੀ	ਕਾਂਸੀ
ਚਾਂਦੀ	ਗਾਂਧੀ	ਧੂੰਆਂ	ਖੇਡਾਂ	ਕੈਂਚੀ	ਚੌਂਕ
ਉਂਗਲ	ਝਾਂਜਰ	ਬਾਂਦਰ	ਜਮਾਤਾਂ	ਬਰਾਂਡਾ	ਪਰਾਂਦੀ
ਕਿਤਾਬਾਂ	ਗਿਆਰਾਂ	ਕੀੜੀਆਂ	ਚਿੜੀਆਂ	ਛੁੱਟੀਆਂ	ਤਿਤਲੀਆਂ

ਦੁੱਤ ਅੱਖਰ

ਪੈਰੀਂ ਹਾਹਾ • ਪੈਰੀਂ ਰਾਰਾ • ਪੈਰੀਂ ਵਾਵਾ

1. ਪੈਰੀਂ ਹਾਹਾ

ਅੱਖਰ ਦੇ ਪੈਰ ਵਿੱਚ ਹਾਹਾ — ਉਦਾਹਰਨ: ਪੜ੍ਹ, ਚਿੰਨ੍ਹ

ਪੈਰੀਂ ਹਾਹਾ ਅੱਖਰ ਦੇ ਹੇਠਾਂ ਜੁੜ ਕੇ ਉਸ ਦੀ ਧੁਨੀ ਵਿੱਚ ਬਦਲਾਅ ਲਿਆਉਂਦਾ ਹੈ। ਕਈ ਪੰਜਾਬੀ ਸ਼ਬਦਾਂ ਵਿੱਚ ਇਸ ਨੂੰ ਨਾ ਲਿਖਣ ਨਾਲ ਉਚਾਰਨ ਜਾਂ ਸ਼ਬਦ-ਜੋੜ ਗਲਤ ਹੋ ਸਕਦਾ ਹੈ। ਉਦਾਹਰਨ: ਪੜ੍ਹ, ਚਿੰਨ੍ਹ, ਜਿਨ੍ਹਾਂ, ਅੰਨ੍ਹਾ, ਚੁੱਲ੍ਹਾ। ਗੁਰਮੁਖੀ ਵਿੱਚ ਪੈਰੀਂ 'ਹ' ਦੁੱਤ ਅੱਖਰ ਦੀ ਵਰਤੋਂ ਨ, ਮ, ਰ, ਲ, ੜ ਵਿਅੰਜਨਾਂ ਦੇ ਪੈਰਾਂ ਵਿੱਚ ਕੀਤੀ ਜਾਂਦੀ ਹੈ।

ਉਦਾਹਰਨ: ਉਨ੍ਹਾਂ, ਵਰ੍ਹਾ, ਮਲ੍ਹਮ, ਪੜ੍ਹਾਈ, ਕੱਲ੍ਹ, ਪੜ੍ਹ, ਜਗ੍ਹਾ, ਚੁੱਲ੍ਹਾ, ਤਰ੍ਹਾਂ, ਥੰਮ੍ਹ, ਜ਼ਿਲ੍ਹਾ, ਬੰਨ੍ਹਣਾ, ਮੜ੍ਹਨਾ, ਆਲ੍ਹਣਾ ਆਦਿ।

ਪੜ੍ਹੋ ਅਤੇ ਧਿਆਨ ਕਰੋ — ਪੈਰੀਂ ਹਾਹਾ ਦੀ ਵਰਤੋਂ ਅਤੇ ਅਰਥ-ਭਿੰਨਤਾ

ਬਿਨਾਂ ਪੈਰੀਂ ਹਾਹਾ	ਅਰਥ	ਪੈਰੀਂ ਹਾਹਾ ਨਾਲ	ਅਰਥ
ਤਰਾਂ	ਖਾਣ ਵਾਲੀ ਵਸਤੂ	ਤਰ੍ਹਾਂ	ਵੱਖ
ਜੜ	ਜੋੜਨਾ	ਜੜ੍ਹ	ਦਰਖਤ ਦੀ ਜੜ੍ਹ
ਸੰਨ	ਸਾਲ	ਸੰਨ੍ਹ	ਚੋਰੀ
ਡੋਲ	ਬਰਤਨ	ਡੋਲ੍ਹ	ਡੋਲ੍ਹਣਾ

ਅਭਿਆਸ — ਸਹੀ ਥਾਂ 'ਤੇ ਪੈਰੀਂ 'ਹ' ਦੀ ਵਰਤੋਂ ਕਰੋ

1. ਰਮਨ ਚੰਡੀਗੜ ਵਿੱਚ ਪੜਦਾ ਹੈ। _____
2. ਅੰਨੇਵਾਹ ਗੱਡੀ ਨਾ ਚਲਾਓ। _____
3. ਕਬੂਤਰ ਨੇ ਆਪਣਾ ਆਲਣਾ ਬਣਾਇਆ। _____

ਪੜ + ਹਾਹਾ (ਪੈਰੀਂ) = ਪੜ੍ਹ • ਚੜ + ਹਾਹਾ (ਪੈਰੀਂ) = ਚੜ੍ਹ • ਨ + ਹਾਹਾ (ਪੈਰੀਂ) = ਨ੍ਹ • ਲ + ਹਾਹਾ (ਪੈਰੀਂ) = ਲ੍ਹ

ਪੈਰੀਂ ਹਾਹਾ ਸ਼ਬਦ-ਭੰਡਾਰ

ਪੜ੍ਹ	ਪੜ੍ਹਨਾ	ਪੜ੍ਹਾਈ	ਪੜ੍ਹਦਾ	ਪੜ੍ਹਦੀ	ਪੜ੍ਹਦੇ
ਚੜ੍ਹ	ਚੜ੍ਹਨਾ	ਚੜ੍ਹਾਈ	ਚੜ੍ਹਦਾ	ਚੜ੍ਹਦੀ	ਗੜ੍ਹ
ਮੜ੍ਹ	ਮੜ੍ਹਨਾ	ਕੜ੍ਹ	ਕੜ੍ਹਾਈ	ਕਾੜ੍ਹਾ	ਕੁੜ੍ਹਨਾ
ਚਿੰਨ੍ਹ	ਜਿਨ੍ਹਾਂ	ਕਿਨ੍ਹਾਂ	ਇਨ੍ਹਾਂ	ਉਨ੍ਹਾਂ	ਬੰਨ੍ਹ
ਬੰਨ੍ਹਣਾ	ਬੰਨ੍ਹਿਆ	ਅੰਨ੍ਹਾ	ਅੰਨ੍ਹੀ	ਚੁੱਲ੍ਹਾ	ਖੁੱਲ੍ਹਾ
ਖੁੱਲ੍ਹੀ	ਡੁੱਲ੍ਹਣਾ	ਮੱਲ੍ਹਮ	ਆਲ੍ਹਣਾ	ਜ਼ਿਲ੍ਹਾ	ਨ੍ਹਾਉਣਾ

ਤਿੰਨ ਦੋਸਤ



ਇਕ ਵਾਰ 'ਚੱਚਾ' ਚੰਡੀਗੜ੍ਹ ਸ਼ਹਿਰ ਵਿਚ ਤਿੰਨ ਦੋਸਤ ਰਹਿੰਦੇ ਸਨ। ਉਹਨਾਂ ਦੇ ਨਾਮ ਸਨ- ਉੜਾ, ਐੜਾ ਅਤੇ ਈੜੀ। ਤਿੰਨਾ ਕੋਲ ਮਨੋਰੰਜਨ ਦਾ ਕੋਈ ਸਾਧਨ ਨਹੀਂ ਸੀ। ਉਹਨਾਂ ਸ਼ਹਿਰ ਦੀਆਂ ਸਾਰੀਆਂ ਦੇਖਣ ਯੋਗ ਥਾਂਵਾਂ 'ਰਾਰਾ'ਰੋਜ਼-ਗਾਰਡਨ ਤੇ ਰੱਕ-ਗਾਰਡਨ, 'ਸੱਸਾ' ਸੁਖਨਾ ਝੀਲ ਤੇ ਸਤਾਰਾਂ ਸੈਕਟਰ ਦਾ ਬਜ਼ਾਰ, 'ਬੱਬਾ' ਬ੍ਰਿਟਿਸ਼ ਪੁਸਤਕਾਲਿਆਂ ਤੇ ਬਾਈ ਦਾ ਬਜ਼ਾਰ ਹਜ਼ਾਰਾਂ ਵਾਰ ਦੇਖੇ ਸਨ। ਉਹ ਅੱਕੇ ਪਏ ਸਨ, 'ਪੱਪਾ'ਪੱਥਰਾਂ ਦੇ ਸ਼ਹਿਰ ਨੂੰ ਦੇਖ-ਦੇਖ ਕੇ। ਉਹਨਾਂ ਨੂੰ ਲੱਗਿਆ ਸ਼ਹਿਰ ਤੋਂ ਦੂਰ ਕਿੱਤੇ ਕੁਦਰਤ ਦੀ ਗੋਦ ਵਿੱਚ ਕੁਝ ਦਿਨ ਬਿਤਾਉਣੇ ਚਾਹੀਦੇ ਹਨ। ਊੜਾ ਕਹਿਣ ਲੱਗਾ ਚਲੋ 'ਕੱਕਾ' ਕੁੱਲੂ-ਮਨਾਲੀ ਚੱਲਦੇ ਹਾਂ। ਐੜਾ ਨੇ ਕਿਹਾ - "ਨਹੀਂ ਯਾਰ ਸਾਰਾ ਰਸਤਾ 'ਸੱਸਾ' ਸਤਲੁਜ ਦਰਿਆ ਦੇ ਨਾਲ਼-ਨਾਲ਼ ਜਾਂਦਾ ਏ, ਮੈਨੂੰ ਬਹੁਤ ਡਰ ਲੱਗਦੈ ਡੂੰਘੀਆਂ 'ਖੱਖਾ' ਖਾਈਆਂ ਜਾਂ ਖੱਡਾਂ ਤੋਂ। ਈੜੀ ਕਹਿਣ ਲੱਗੀ - ਜਾਹ ਡਰਪੋਕ ਨਾ ਹੋਵੇ ਤਾਂ, ਤੂੰ 'ਹਾਹਾ' ਹਿਮਾਚਲ ਦੀ ਖੂਬਸੂਰਤੀ ਦੇਖੇਂਗਾ ਤਾਂ ਡਰ-ਡਰ ਸਾਰਾ ਲਹਿਜੂ।"

ਥੋੜ੍ਹੀ ਜਿਹੀ ਬਹਿਸ ਮਗਰੋਂ ਸਾਰਿਆਂ ਦੀ ਸਲਾਹ 'ਕੱਕਾ' ਕੁੱਲੂ-ਮਨਾਲੀ ਜਾਣ ਦੀ ਸਹਿਮਤੀ ਬਣ ਗਈ। ਪਰ ਸਾਰਿਆਂ ਦੇ ਮਨ ਵਿਚ ਸ਼ੰਕਾ ਸੀ ਕਿ ਉਹ ਰਹਿਣਗੇ ਕਿੱਥੇ ? ਬਹੁਤ ਪੈਸਾ ਲੱਗ ਜੂ। ਈੜੀ ਨੇ ਇਹ ਕਹਿ ਕੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਕਿ ਰਹਿਣ ਲਈ ਓਧਰ ਬਹੁਤ ਸਾਰੇ 'ਗੱਗਾ' ਗੁਰਦੁਆਰੇ ਨੇ, ਵਿਸ਼ਰਾਮ ਘਰ ਨੇ। ਫਿਰ ਉਹ ਨਿਸ਼ਚਿੰਤ ਹੋ ਕੇ ਤਿਆਰੀ ਕਰਨ ਲੱਗੇ। 'ਘੱਗਾ'ਘਰ ਨੂੰ ਜਿੰਦਰਾ ਲਾਉਣ ਤੋਂ ਪਹਿਲਾਂ ਊੜਾ ਬੋਲਿਆ 'ਙੰਙੇ' ਨੂੰ ਵੀ ਪੁੱਛ ਲਉ, ਲੈ ਚਲਦੇ ਆਂ ਨਾਲ, ਇਥੇ ਖ਼ਾਲੀ-ਬੈਠਾ ਰਹੂ। ਈੜੀ ਬੋਲੀ ਬੈਠਾ ਰਹਿਣ ਦੇ, ਉਹ ਕਿਹੜਾ ਹੁਣ ਕੰਮ ਆਉਂਦੈ ਕਿਸੇ ਦੇ, ਨਿੱਤ ਆਉਂਦੈ ਉਹਦਾ ਵਿਹਲੜ ਯਾਰ 'ਵੰਵਾ'। ਹੁਣ ਤਾਂ 'ਣਾਣਾ' ਵੀ ਇਹਨਾਂ ਦੀ ਹਾਂ 'ਚ ਹਾਂ ਮਿਲਾਉਂਦੈ ਪੂਰੀ। ਪਏ ਰਹਿਣਗੇ ਦੋਵੇਂ ਆਕੜ ਖਾਂ ਕਿਸੇ ਪਾਸੇ। ਇੰਝ ਲੱਗਦਾ ਸੀ ਈੜੀ ਵੀ ਅੱਕੀ ਪਈ ਸੀ ਚੰਡੀਗੜ੍ਹ ਦੇ ਲੋਕਾਂ ਵਾਂਙੂ 'ਙੰਙੇ' 'ਤੇ 'ਵੰਵਾ' ਤੋਂ।

ਊੜੇ ਨੇ ਕਿਹਾ– "ਚੱਲ ਛੱਡ ਹੁਣ ਨਹੀਂ ਲੈ ਕੇ ਜਾਂਦੇ ਆਪਾਂ ਉਹਨਾਂ ਨੂੰ, ਦੁਨੀਆਂ ਉਹਨਾਂ ਨੂੰ ਜਿੰਨਾ ਮਰਜੀ ਨਿਕੰਮੇ ਸਮਝੇ ਪਰ ਤੂੰ ਤਾਂ ਨਾ ਕਹਿ, ਆਪਾਂ ਨੀ ਪੂਰੇ ਹੁੰਦੇ ਉਹਨਾਂ ਤੋਂ ਬਿਨਾਂ।" ਈੜੀ ਨੇ ਕਿਹਾ– "ਚੱਲ ਨਹੀਂ ਕਹਿੰਦੀ ਅੱਗੇ ਤੋਂ, ਚਲੋ ਸਮਾਨ ਬੰਨ੍ਹੋ। ਆਹ ਲੈ 'ਚੱਚਾ' ਚਟਾਈ ਸੌਣ ਨੂੰ, ਮੀਂਹ–ਕਣੀ ਦੇ ਡਰੋਂ 'ਛੱਛਾ' ਛੱਤਰੀ ਵੀ ਲੈ–ਲਾ, ਪਾਣੀ ਪੀਣ ਲਈ 'ਜੱਜਾ' ਜੱਗ ਵੀ ਚੁੱਕ ਲੈ ਤੇ ਆਪਣੇ ਕੱਪੜੇ ਵੀ 'ਝੱਜਾ' ਝੋਲੇ 'ਚ ਪਾ ਲਉ, ਦੇਖਿਓ ਕਿਤੇ ਕੁਝ ਰਹਿ ਨਾ ਜਾਵੇ, ਨਹੀਂ ਤਾਂ ਮਰਜਾਣਾ ਆਹ ਖ਼ਾਲੀ ਬੈਠਾ 'ਵਵਾ' ਟਿੱਚਰਾਂ ਕਰੂ ਆਇਆਂ ਨੂੰ।

"ਐੜਾ ਕਹਿਣ ਲੱਗਾ–ਤਿਆਰੀ ਤਾਂ ਕਰ ਲੀ ਪੂਰੀ ਪਿਓ ਵਾਲੀ, 'ਟੈਂਕਾ' ਟੈਕਸੀ ਤਾਂ ਮੰਗਵਾਈ ਨਹੀਂ ਹੁਣ ਤੱਕ, 'ਠੱਠਾ' ਠੇਲ੍ਹੇ 'ਤੇ ਜਾਣੈ ਮਨਾਲੀ ਤੱਕ। ਊੜਾ ਕਹਿਣ ਲੱਗਾ, ਬੁਲਾਈ ਆ ਯਾਰ ਟੈਕਸੀ, ਐਵੇਂ ਨਾ 'ਢੱਢਾ ਢੋਲ ਵਜਾਈ ਜਾਹ ਆਪਣਾ, ਸਾਡੀ ਵੀ ਸੁਣ ਲਿਆ ਕਰ ਐਵੇਂ ਖ਼ਾਲੀ 'ਣਾਣੇ' ਵਾਂਙੂ ਟਪੂ– ਟਪੂ ਕਰੀ ਜਾਨੈ ਹਰ ਵੇਲੇ।

ਰੌਲਾ–ਗੌਲਾ ਪੈਂਦਿਆਂ 'ਤੱਤਾ' ਤਰਸੇਮ ਟੈਕਸੀ ਲੈ ਕੇ ਆ ਗਿਆ। ਸਾਰੇ ਜਾਣੇ ਟੈਕਸੀ ਵਿੱਚ ਬੈਠ ਗਏ। ਈੜੀ ਨੇ ਚਾਹ ਵਾਲੀ 'ਥੱਥਾ' ਥਰਮਸ ਕੋਲ ਰੱਖ ਲਈ। ਉਹ ਮਨਾਲੀ ਦੇ ਰਾਹ ਪੈ ਗਏ 'ਰਾਰਾ' ਰੋਪੜ ਤੱਕ ਦੇ ਰਸਤੇ ਵਿੱਚ ਉਹ ਪਿੰਡਾਂ ਦੇ ਨਜ਼ਾਰੇ ਵੇਖਦੇ ਗਏ। ਰੋਪੜ ਪਾਰ ਕਰਕੇ ਉਹ ਅਨੰਦਪੁਰ ਸਾਹਿਬ ਦੇ ਐਕਸਪ੍ਰੈਸ ਵੇਅ'ਤੇ ਚੜ੍ਹ ਗਏ। 'ਦੱਦਾ' ਦਰਿਆ ਪਾਰ ਕਰਦਿਆਂ ਉਹਨਾਂ ਨੂੰ ਲੱਗਾ ਕਿ ਉਹ 'ਧੱਦਾ' ਧਰਮਸ਼ਾਲਾ ਦੇ ਰਾਹ ਪੈ ਗਏ ਹਨ। ਇਕ ਸੜਕ 'ਨੰਨਾ' ਨਾਲਾਗੜ੍ਹ ਵੱਲ ਨੂੰ ਮੁੜ ਗਈ ।ਫਿਰ ਉਹਨਾਂ ਦੀ ਸੜਕ ਨੇ ਮੋੜ ਕੱਟਿਆ ਤੇ ਉਹ 'ਪੱਪਾ' ਪਹਾੜਾਂ ਦੇ ਨੇੜੇ ਪਹੁੰਚ ਗਏ। ਉਹ ਬਾਹਰ ਦੇ ਨਜ਼ਾਰੇ ਦੇਖਦੇ ਜਾ ਰਹੇ ਸਨ ਕਿ ਈੜੀ ਇੱਕ ਦਮ ਉਛਲੀ ਵੇ ਐੜੇ, ਓਹ ਦੇਖ ਕਿੰਨੇ ਸੋਹਣੇ 'ਫੱਫਾ' ਫੁੱਲ, ਓਹ ਦੇ ਚਿੱਟੇ– ਚਿੱਟੇ ਫੁੱਲ, ਦੂਜੇ ਪਾਸਿਓਂ ਊੜਾ ਬੋਲਿਆ– ਦੇਖੋ–ਦੇਖੋ ਬਾਂਦਰ, ਕਿੰਨੇ ਸਾਰੇ.. ਓਹ ਦੇਖ ਟਾਹਣੀ'ਤੇ ਉਹ ਕੁਦਰਤੀ ਦ੍ਰਿਸ਼ਾਂ ਵਿਚ ਏਨੇ ਗੁਆਚੇ ਕਿ ਉਹਨਾਂ ਨੂੰ ਪਤਾ ਹੀ ਨਾ ਲੱਗਾ ਕਿ ਉਹ ਕਦੋਂ 'ਮੰਮਾ' ਮੰਡੀ ਪਹੁੰਚ ਗਏ।

ਪਹਾੜ ਦੀ ਚੜ੍ਹਾਈ 'ਤੇ ਗੱਡੀ ਹੌਲ਼ੀ–ਹੌਲ਼ੀ 'ਯਈਆ' ਯੱਕੇ ਵਾਂਙੂ ਚੱਲ ਰਹੀ ਸੀ, ਸ਼ਾਮਾਂ ਪੈ ਗਈਆਂ ਸਨ, ਸਾਰੇ ਥੱਕ ਚੁੱਕੇ ਸਨ। ਡਰਾਇਵਰ ਨੇ ਪੁੱਛਿਆ –ਰੁਕਣਾ ਕਿੱਥੇ ਹੈ ? ਈੜੀ ਨੇ ਕਿਹਾ– 'ਰਾਰਾ' ਰਿਵਾਲਸਰ ਗੁਰਦੁਆਰਾ ਸਾਹਿਬ ਚਲਦੇ ਹਾਂ, ਨਾਲੇ ਓਥੇ 'ਲੱਲਾ' ਲੰਗਰ ਛੱਕ ਲਵਾਂਗੇ। ਉਹ ਸਾਰੇ ਗੁਰਦੁਆਰਾ ਸਾਹਿਬ ਪਹੁੰਚੇ। ਸਾਰੇ ਪਾਸੇ 'ਵਾਵਾ' ਵਣ ਹੀ ਵਣ ਸਨ। ਸਾਰਿਆਂ ਨੂੰ ਬਹੁਤ ਚੰਗਾ ਲੱਗਾ। ਰਸ ਭਿੰਨੀ ਬਾਣੀ ਦਾ ਪ੍ਰਵਾਹ ਚੱਲ ਰਿਹਾ ਸੀ, ਉਹਨਾਂ ਨੂੰ ਲੱਗਾ ਕਿ ਸਵਰਗ ਇੱਥੇ ਹੈ, ਸ਼ਹਿਰ ਤਾਂ 'ਰਾੜੇ' ਵਾਂਙੂ ਖ਼ਾਲੀ ਹੈ। ਉਹਨਾਂ ਕੀਰਤਨ ਸੁਣਿਆ, ਲੰਗਰ ਛਕਿਆ ਤੇ ਅਗਲੇ ਦੇ ਸਫ਼ਰ ਨੂੰ ਧਿਆਨ ਵਿੱਚ ਰੱਖ ਕੇ ਜਲਦੀ ਸੌਂ ਗਏ।

ਅਭਿਆਸ

1. ਵਾਕ ਪੂਰਾ ਕਰੋ-

i ਇਕ ਵਾਰ 'ਚੱਚਾ' _____ ਸ਼ਹਿਰ ਵਿਚ ਤਿੰਨ ਦੋਸਤ ਰਹਿੰਦੇ ਸਨ।

ii ਈੜੀ ਨੇ ਇਹ ਕਹਿ ਕੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਕਿ ਰਹਿਣ ਲਈ ਓਧਰ ਬਹੁਤ ਸਾਰੇ 'ਗੱਗਾ' _____ ਨੇ, ਵਿਸ਼ਰਾਮ ਘਰ ਨੇ।

iii ਉਹ 'ਧੱਦਾ' _____ ਦੇ ਰਾਹ ਪੈ ਗਏ ਹਨ।

iv ਈੜੀ ਨੇ ਕਿਹਾ 'ਰਾਰਾ' _____ ਗੁਰਦੁਆਰੇ ਚਲਦੇ ਹਾਂ।

v ਉਹਨਾਂ ਦੀ ਸੜਕ ਨੇ ਮੋੜ ਕੱਟਿਆ ਤੇ ਉਹ 'ਪੱਪਾ' _____ ਦੇ ਨੇੜੇ ਪਹੁੰਚ ਗਏ।

2. ਅੱਖਰ ਨਾਲ਼ ਸ਼ੁਰੂ ਹੋਣ ਵਾਲੇ ਸ਼ਬਦ ਨਾਲ਼ ਮਿਲਾਨ ਕਰੋ:

ਸ	ਕੁੱਲੂ -ਮਨਾਲੀ	ਕ	ਰਿਵਾਲਸਰ
ਚ	ਤਰਸੇਮ	ਤ	ਚੰਡੀਗੜ੍ਹ
ਰ	ਸੁਖਨਾ ਝੀਲ		

3. ਕਹਾਣੀ ਵਿੱਚ ਆਏ ਸ਼ਹਿਰਾਂ ਦੇ ਨਾਂਵਾਂ ਅਤੇ ਥਾਂਵਾਂ ਦੇ ਨਾਂਵਾਂ ਦੀ ਸੂਚੀ ਬਣਾਓ:

ਸ਼ਹਿਰਾਂ ਦੇ ਨਾਂ	ਥਾਂਵਾਂ ਦੇ ਨਾਂ

ਸ਼ਹਿਰਾਂ ਦੇ ਨਾਂ	ਥਾਂਵਾਂ ਦੇ ਨਾਂ

4. ਕਹਾਣੀ ਵਿੱਚ ਤਿੰਨਾਂ ਦੋਸਤਾਂ ਵੱਲੋਂ ਕਿਹੜੇ-ਕਿਹੜੇ ਰਾਜਾਂ ਦਾ ਜ਼ਿਕਰ ਕੀਤਾ ਗਿਆ ਹੈ? ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ:

i ਐੜਾ ਨੂੰ ਕਿਸ ਚੀਜ਼ ਤੋਂ ਡਰ ਲਗਦਾ ਹੈ?

ii ਪਾਠ ਵਿੱਚ ਕਿਹੜੇ ਦਰਿਆ ਦਾ ਜ਼ਿਕਰ ਆਇਆ ਹੈ?

iii ਤਿੰਨੇ ਦੋਸਤ ਕਿਹੜੇ ਗੁਰਦੁਆਰਾ ਸਾਹਿਬ ਠਹਿਰੇ?

iv "ਬੁਲਾਈ ਆ ਯਾਰ ਟੈਕਸੀ, ਐਵੇਂ ਨਾ 'ਢੱਢਾ' ਢੋਲ ਵਜਾਈ ਜਾਹ ਆਪਣਾ, ਸਾਡੀ ਵੀ ਸੁਣ ਲਿਆ ਕਰ ਐਵੇਂ ਖ਼ਾਲੀ 'ਣਾਣੇ' ਵਾਂਙੂ ਟਪੂ- ਟਪੂ ਕਰੀ ਜਾਨੈ ਹਰ ਵੇਲੇ।" ਇਹ ਸ਼ਬਦ ਕਿਸ ਨੇ ਕਹੇ।

5. ਇਸ ਪਾਠ ਵਿੱਚੋਂ ਤੁਹਾਨੂੰ ਜਿਹੜੇ ਵਾਕ ਪਸੰਦ ਆਏ ਹਨ? ਕੋਈ ਪੰਜ ਵਾਕ ਲਿਖੋ ।

i _____

ii _____

iii _____

iv _____

V _____

ਸਰਗਰਮੀਆਂ: ਵਿਦਿਆਰਥੀਆਂ' ਨੂੰ ਆਪਣੇ ਆਪਣੇ-ਇਲਾਕੇ ਦੇ ਪ੍ਰਸਿੱਧ ਅਤੇ ਦੇਖਣਯੋਗ ਥਾਂ ਦੀ ਤਸਵੀਰ ਬਣਾ ਕੇ/ਚਿਪਕਾ ਕੇ ਉਸਦੀਆਂ ਖੂਬਸੂਰਤੀਆਂ ਦਾ ਜ਼ਿਕਰ ਕਰੋ।

ਗਰਮੀਆਂ ਦੀਆਂ ਛੁੱਟੀਆਂ



ਸਰੂਪ ਸਿੰਘ ਦੇ ਦੋ ਪੁੱਤਰ ਤੇ ਇੱਕ ਧੀ ਸੀ। ਵੱਡਾ ਮੁੰਡਾ ਬਲਵੰਤ ਸਿੰਘ ਅੱਠਵੀਂ ਜਮਾਤ 'ਚੋਂ ਪੜ੍ਹਾਈ ਛੱਡ ਕੇ ਖੇਤੀ ਕਰਨ ਲੱਗ ਪਿਆ ਸੀ। ਧੀ ਕਰਮਜੀਤ ਵਿਆਹ ਕੇ ਸਹੁਰੇ ਘਰ ਚਲੀ ਗਈ ਸੀ। ਛੋਟਾ ਮੁੰਡਾ ਜਸਵੰਤ ਸਿੰਘ ਪੜ੍ਹ ਕੇ ਮਾਸਟਰ ਲੱਗ ਗਿਆ। ਸਰੂਪ ਸਿੰਘ ਨੇ ਦੋਵੇਂ ਮੁੰਡਿਆਂ ਦੇ ਵਿਆਹ ਵੀ ਕਰ ਦਿੱਤੇ, ਵੱਡੇ ਬਲਵੰਤ ਦੇ ਘਰ ਇੱਕ ਲੜਕੀ ਤੋਂ ਲੜਕੇ ਨੇ ਜਨਮ ਲਿਆ ਅਤੇ ਜਸਵੰਤ ਦੇ ਘਰ ਇੱਕ ਲੜਕਾ ਹੋਇਆ।

ਸ਼ਹਿਰ ਨੌਕਰੀ ਲੱਗੀ ਹੋਣ ਕਰਕੇ ਜਸਵੰਤ ਅਤੇ ਉਸ ਦੀ ਪਤਨੀ ਸ਼ਹਿਰ ਰਹਿਣ ਲੱਗ ਪਏ ਅਤੇ ਕਦੇ ਕਦਾਈਂ ਪਿੰਡ ਜਾਂਦੇ ਪਰ ਉਹਨਾਂ ਨੂੰ ਪਿੰਡ ਕਦੇ ਨਾ ਭੁੱਲਦਾ। ਉਹ ਆਪਣੇ ਬੇਟੇ ਅਨਮੋਲ ਨੂੰ ਪਿੰਡ ਦੀਆਂ ਗੱਲਾਂ ਸੁਣਾਉਂਦੇ ਰਹਿੰਦੇ। ਅਨਮੋਲ ਜਦੋਂ ਚੌਥੀ ਜਮਾਤ ਵਿੱਚ ਹੋਇਆ ਤਾਂ ਉਹ ਗਰਮੀਆਂ ਦੀਆਂ ਛੁੱਟੀਆਂ ਵਿੱਚ ਪਿੰਡ ਜਾਣ ਅਤੇ ਦਾਦੇ-ਦਾਦੀ, ਤਾਏ-ਤਾਈ ਦੇ ਦੋਵੇਂ ਬੱਚਿਆਂ ਮਨਦੀਪ ਅਤੇ ਅਮਨ ਨੂੰ ਮਿਲਣ ਦੀ ਜ਼ਿੱਦ ਕਰਨ ਲੱਗਾ। ਉਸ ਦੇ ਤਾਏ ਦੇ ਦੋਵੇਂ ਬੱਚੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਪੜ੍ਹਦੇ ਸਨ। ਮਾਸਟਰ ਜਸਵੰਤ ਐਤਕੀਂ ਆਪਣੇ ਬੇਟੇ ਅਨਮੋਲ ਨੂੰ ਗਰਮੀਆਂ ਦੀਆਂ ਛੁੱਟੀਆਂ ਵਿੱਚ ਮਿਲਿਆ ਸਕੂਲ ਦਾ ਕੰਮ ਕਰਵਾਉਣ ਤੋਂ ਬਾਅਦ ਪੰਦਰਾਂ ਦਿੱਨਾਂ ਲਈ ਪਿੰਡ ਛੱਡ ਗਿਆ। ਉਹ ਆਪਣੇ ਚਚੇਰੇ ਭਰਾ ਅਤੇ ਭੈਣ ਨਾਲ ਲੁਕਣ-ਮੀਚੀ, ਗੁੱਲੀ-ਡੰਡਾ, ਕਬੱਡੀ, ਮਿੱਟੀ ਦੇ ਘਰ ਬਣਾਉਣ, ਰੱਸੀ ਟੱਪਣਾ, ਪੀਂਘ ਝੂਟਣੀ ਆਦਿ ਖੇਡਾਂ ਖੇਡ ਕੇ ਬਹੁਤ ਖੁਸ਼ ਹੁੰਦਾ। ਦਾਦੀ ਬਸੰਤ ਕੌਰ ਤੇ ਤਾਈ ਹਰਦੇਵ ਕੌਰ ਕਦੋਂ ਗੁਲਗੁਲੇ, ਮੱਠੀਆਂ, ਕੜਾਹ, ਸੇਵੀਆਂ, ਖੀਰ ਬਣਾ ਦਿੰਦੀਆਂ।

ਦੂਸਰੇ ਬੱਚਿਆਂ ਨਾਲ ਅਨਮੋਲ ਵੀ ਖ਼ੁਸ਼ੀ-ਖ਼ੁਸ਼ੀ ਖਾਂਦਾ। ਇੱਕ ਦਿਨ ਸਰੂਪ ਸਿੰਘ ਸਵੇਰੇ-ਸਵੇਰੇ ਸਾਰੇ ਬੱਚਿਆਂ ਨੂੰ ਟਾਹਲੀ ਵਾਲੇ ਖੇਤ ਲੈ ਗਿਆ। ਅਨਮੋਲ ਬਹੁਤ ਖ਼ੁਸ਼ ਸੀ, ਉਸ ਨੇ ਕਦੇ ਖੇਤ ਨਹੀਂ ਵੇਖੇ ਸਨ। ਬੱਸ ਜਾਂ ਕਾਰ ਵਿੱਚ ਸਫ਼ਰ

ਕਰਦਿਆਂ ਖੇਤ ਦੂਰੋਂ-ਦੂਰੋਂ ਹੀ ਦੇਖੇ ਸਨ। ਪਿੰਡ ਦੇ ਛੱਪੜ ਨਾਲ ਜਾਂਦੇ ਕੱਚੇ ਰਾਹ'ਤੇ ਤੁਰਦੇ ਉਹ ਪਿੜ੍ਹਾਂ ਕੋਲ ਆ ਕੇ ਪੱਕੀ ਸੜਕ ਪੈ ਗਏ।

"ਦਾਦਾ ਜੀ, ਆਹ ਕਿਸ ਚੀਜ਼ ਦਾ ਦਰਖ਼ਤ ਹੈ ?" ਅਨਮੋਲ ਨੇ ਸੜਕ ਦੇ ਨਾਲ-ਨਾਲ ਲੱਗੇ ਦਰਖ਼ਤਾਂ ਵੱਲ ਇਸ਼ਾਰਾ ਕਰਕੇ ਪੁੱਛਿਆ। "ਪੁੱਤਰਾ! ਏਹ ਕਿੱਕਰਾਂ ਹਨ। ਇਹਨਾਂ ਦੀ ਲੱਕੜ ਬਹੁਤ ਕੰਮ ਆਉਂਦੀ ਹੈ। ਇਸ ਦੇ ਜੋ ਫਲਲੱਗਦੇ ਹਨ, ਉਹਨਾਂ ਨੂੰ ਤੁੱਕੇ ਕਹਿੰਦੇ ਐ, ਇਸ ਰੁੱਖ ਦੇ ਸੂਲਾਂ ਵੀ ਹੁੰਦੀਆਂ ਹਨ। ਤੁੱਕਿਆਂ ਦਾ ਅਚਾਰ ਵੀ ਬਣਦਾ ਹੈ ਤੇ ਬੱਕਰੀਆਂ ਵੀ ਇਹਨਾਂ ਨੂੰ ਬੜੇ ਚਾਅ ਨਾਲ਼ ਖਾਂਦੀਆਂ ਹਨ। ਕਿੱਕਰ ਦੀ ਦਾਤਣ ਦੰਦਾਂ ਨੂੰ ਸਾਫ਼ ਤੇ ਮਜਬੂਤ ਬਣਾਉਂਦੀ ਹੈ... ਉਂਝ ਰੁੱਖਾਂ ਦੇ ਤਾਂ ਫਾਇਦੇ ਹੀ ਫਾਇਦੇ ਹੁੰਦੇ ਆ ਵਾਤਾਵਰਨ ਪੱਖੋਂ।" ਇਹ ਕਹਿ ਕੇ ਦਾਦਾ ਜੀ ਚੁੱਪ ਹੋ ਗਏ... ਬੱਚਿਆਂ ਨੇ ਫਿਰ ਪੁੱਛਿਆ, "ਤੇ ਦਾਦਾ ਜੀ, ਔਹ ਕੀ ਹੈ ?"

ਦਾਦਾ ਜੀ ਨੇ ਜਵਾਬ ਦਿੱਤਾ, "ਦੇਖੋ ਬੱਚਿਓ! ਓਹ ਟਾਹਲੀ ਐ। ਇਹ ਵੀ ਲੱਕੜ ਦੇ ਦਰਵਾਜ਼ੇ, ਮੇਜ਼, ਕੁਰਸੀਆਂ, ਅਲਮਾਰੀਆਂ ਬਣਾਉਣ ਦੇ ਕੰਮ ਆਉਂਦੀ ਐ। ਖੇਤ ਜਾ ਕੇ ਤੁਹਾਨੂੰ ਤੂਤ ਦਾ ਰੁੱਖ ਦਿਖਾਊਂ, ਉਸ ਨੂੰ ਤੂਤੀਆਂ ਲੱਗਦੀਆਂ ਤੇ ਉਸ ਦੀਆਂ ਟਾਹਣੀਆਂ ਦੇ ਟੋਕਰੇ ਤੇ ਟੋਕਰੀਆਂ ਬਣਦੇ ਹਨ।" ਫੇਰ ਬੱਚਿਆਂ ਨੂੰ ਚੁੱਪ ਦੇਖ ਕੇ ਦਾਦਾ ਜੀ ਦੱਸਣ ਲੱਗ ਪਏ.... "ਉਹ ਦੂਰ ਜੋ ਨਿੰਮ ਦੇਖਦੇ ਹੋ, ਉਸ ਦੀ ਲੱਕੜ ਤਾਂ ਕੌਮ ਆਉਂਦੀ ਹੀ ਐ, ਇਹ ਦਵਾਈਆਂ ਵਿੱਚ ਵੀ ਪੈਂਦੀ ਐ। ਇਧਰ ਬੇਰੀਆਂ ਦੇ ਦਰਖ਼ਤ ਹਨ। ਇਹ ਰਾਮੇ ਕਾ ਖੇਤ ਹੈ। ਇਹ ਉਹਨਾਂ ਦਾ ਅਮਰੂਦਾਂ ਦਾ ਬਾਗ਼ ਹੈ ਓਧਰ ਛਿੰਦੇ ਕੇ ਖੇਤ ਵਿੱਚ ਨਿੰਬੂਆਂ ਦੇ ਬੂਟੇ ਲੱਗੇ ਹੋਏ ਹਨ।" "ਇਹ ਝੋਨੇ ਦਾ ਖੇਤ ਹੈ। ਨਹਿਰੋਂ ਪਾਰ ਨਰਮਾ ਬੀਜਿਆ ਹੋਇਆ ਹੈ.... ਨਰਮੇ ਜਾਂ ਕਪਾਹ ਤੋਂ ਕੱਪੜਾ ਤਿਆਰ ਕੀਤਾ ਜਾਂਦਾ ਹੈ, ਕਣਕ ਤੇ ਝੋਨਾ ਮਨੁੱਖਾਂ ਦਾ ਪੇਟ ਭਰਦੇ ਹਨ; ਤੁਹਾਨੂੰ ਪਤਾ ਹੀ ਹੈ ਕਿ ਇਹਨਾਂ ਨੂੰ ਪਸ਼ੂ-ਪੰਛੀ ਜਨੌਰ ਵੀ ਖਾਂਦੇ ਹਨ।" ਦਾਦਾ ਜੀ ਨੇ ਲੰਬਾ ਸਾਹ ਲਿਆ'ਤੇ ਫਿਰ ਬੋਲੇ, "ਆਹ ਖੇਤ ਬਸੰਤ ਸਿੰਘ ਦਾ ਹੈ ਤੇ ਇਹ ਬੋਹੜ ਦਾ ਰੁੱਖ ਹੈ ਇਸ ਦੀ ਸੰਘਣੀ ਛਾਂ ਦਾ ਕੋਈ ਮੁਕਾਬਲਾ ਨਹੀਂ। ਇਹ ਜਾਮਣ ਦੇ ਦਰਖ਼ਤ ਹਨ। ਆਪਾਂ ਮੁੜਦੇ ਹੋਏ ਕੱਚੀ ਪਹੀ ਤੋਂ ਆਵਾਂਗੇ ਤਾਂ ਮੈਂ ਤੁਹਾਨੂੰ ਅੰਬਾਂ ਅਤੇ ਆਂਵਲਿਆਂ ਦੇ ਬੂਟੇ ਵੀ ਦਿਖਾਵਾਂਗਾ।" ਬੱਚੇ ਆਪਣੇ ਦਾਦਾ ਜੀ ਦੇ ਨਾਲ਼ ਖੇਤ ਜਾਣ ਦੀ ਖੁਸ਼ੀ ਮਾਣਦੇ ਹੋਏ ਜਾ ਰਹੇ ਸਨ। ਦੋ ਘੰਟਿਆਂ ਬਾਅਦ ਜਦੋਂ ਉਹ ਖੇਤੋਂ ਵਾਪਸ ਮੁੜਨ ਲੱਗੇ ਤਾਂ ਅਨਮੋਲ ਸਭ ਤੋਂ ਵੱਧ ਖ਼ੁਸ਼ ਸੀ ਕਿ ਦਾਦਾ ਜੀ ਨੇ ਉਸ ਨੂੰ ਸ਼ਲਗਮ, ਮੂਲੀਆਂ, ਭਿੰਡੀ, ਬਾਜਰਾ, ਗੋਭੀ, ਮੱਕੀ, ਬਰਸੀਮ, ਜੌਂ, ਖੂਹ, ਖਾਲ, ਵੱਟਾਂ, ਕਿਆਰੇ, ਬੰਨ੍ਹ ਤੇ ਕਿੰਨੀਆਂ ਹੀ ਵੱਖ-ਵੱਖ ਮੌਸਮਾਂ ਦੀਆਂ ਸਬਜ਼ੀਆਂ, ਦਰਖ਼ਤਾਂ ਤੇ ਖੇਤੀ ਨਾਲ਼ ਸੰਬੰਧਿਤ ਚੀਜ਼ਾਂ ਦੀ ਜਾਣਕਾਰੀ ਦਿੱਤੀ। ਉਹਨਾਂ ਨੇ ਬਹੁਤ ਸਾਰੇ ਅਜਿਹੇ ਪੰਛੀ ਦੇਖੇ ਜੋ ਸ਼ਹਿਰ ਵਿੱਚ ਤਾਂ ਕਦੇ ਨਜ਼ਰ ਹੀ ਨਹੀਂ ਆਏ। ਦਾਦਾ ਜੀ ਨੇ ਵਾਪਸ ਪਿੰਡ ਨੂੰ ਆਉਂਦਿਆਂ ਕਿਹਾ ਕਿ "ਪੁੱਤਰੋ! ਮਨੁੱਖ ਨੂੰ ਹਮੇਸ਼ਾ ਨਵੇਂ ਰੁੱਖ-ਬੂਟੇ ਲਾਉਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਅਸੀਂ ਕੁਦਰਤ ਨੂੰ ਮਾਣ ਸਕੀਏ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਹਵਾ, ਪਾਣੀ, ਫੁੱਲ-ਫਲ, ਲੱਕੜੀ ਆਦਿ ਰੁੱਖਾਂ ਦੇ ਲਾਭ ਮਿਲਦੇ ਰਹਿਣ।" ਮਨਦੀਪ ਤਿੰਨਾਂ'ਚੋਂ ਵੱਡਾ ਹੋਣ ਕਰ ਕੇ ਗੰਭੀਰ ਸੀ ਅਤੇ ਉਹ ਦਾਦਾ ਜੀ ਦੀ ਗੱਲ ਨਾਲ ਸਹਿਮਤ ਵੀ ਸੀ ਕਿਉਂਕਿ ਅੱਜ-ਕੱਲ੍ਹ ਉਹ ਅੱਠਵੀਂ ਜਮਾਤ ਵਿੱਚ ਵਾਤਾਵਰਨ ਬਾਰੇ ਪੜ੍ਹ ਰਿਹਾ ਸੀ, ਇਸ ਲਈ ਉਸ ਨੇ ਦਾਦਾ ਜੀ ਨੂੰ ਪੁੱਛਿਆ, "ਦਾਦਾ ਜੀ, ਅਸੀਂ ਕਿਸ ਪ੍ਰਕਾਰ ਧਰਤੀ ਦਾ ਵਾਤਾਵਰਨ ਵਧੇਰੇ ਸੁੰਦਰ ਬਣਾ ਸਕਦੇ ਹਾਂ ?" ਇਸ ਤੋਂ ਪਹਿਲਾਂ ਕਿ ਦਾਦਾ ਜੀ ਜਵਾਬ ਦਿੰਦੇ ਮਨਦੀਪ ਦੀ ਛੋਟੀ ਭੈਣ ਅਮਨ ਜੋ ਕਿ ਪੰਜਵੀਂ ਜਮਾਤ ਵਿੱਚ -ਪੜ੍ਹਦੀ ਸੀ, ਝੱਟ ਬੋਲੀ - ਵੀਰੇ, ਇਹ ਕੋਈ ਔਖੀ ਗੱਲ ਨਹੀਂ, ਜੇਕਰ ਅਸੀਂ ਆਪਣੇ ਹਰੇਕ ਜਨਮ-ਦਿਨ 'ਤੇ ਇੱਕ ਰੁੱਖ ਲਾਈਏ ਤਾਂ ਧਰਤੀ ਜਲਦ ਹੀ ਬਹੁਤ ਸੋਹਣੀ ਤੇ ਹਰੀ ਭਰੀ ਹੋ ਜਾਵੇਗੀ।

"ਸ਼ਾਬਾਸ਼ ਪੁੱਤਰੋ! ਇਸੇ ਤਰ੍ਹਾਂ ਹੀ ਸਬਜ਼ੀਆਂ ਤੇ ਫ਼ਸਲਾਂ ਬੀਜ ਕੇ ਕਿਸਾਨ ਸਾਰੀ ਮਨੁੱਖਤਾ ਦਾ ਹੀ ਨਹੀਂ ਬਲਕਿ ਪੰਛੀ-ਪੰਖੇਰੂਆਂ ਦੇ ਨਾਲ-ਨਾਲ ਕੁਦਰਤ ਦੇ ਹਰ ਜੀਵ ਦੀ ਸਹਾਇਤਾ ਕਰਦਾ ਹੈ ਅਤੇ ਬਦਲੇ ਵਿੱਚ ਮਿੱਤਰ ਕੀੜੇ ਅਤੇ ਜਾਨਵਰ ਕਿਸਾਨ ਦੀ ਕੁਦਰਤੀ ਰੂਪ ਵਿੱਚ ਸਹਾਇਤਾ ਕਰਦੇ ਹਨ।" "ਦਾਦਾ ਜੀ ਉਹ ਕਿਸ ਤਰ੍ਹਾਂ ?" ਅਨਮੋਲ ਨੇ ਸਵਾਲ ਕੀਤਾ।

5. ਮਿਲਾਨ ਕਰੋ (ਦਰਖ਼ਤਾਂ ਨੂੰ ਉਹਨਾਂ ਦੇ ਗੁਣਾਂ ਨਾਲ਼ ਮਿਲਾਓ)

ਦਰਖ਼ਤ	ਵਿਸ਼ੇਸ਼ਤਾ
ਨਿੰਮ	ਮੇਜ਼-ਕੁਰਸੀਆਂ
ਬੋਹੜ	ਮਜ਼ਬੂਤ ਦਾਤਣ
ਤੂਤ	ਦਵਾਈਆਂ ਵਿੱਚ ਵਰਤੋਂ
ਕਿੱਕਰ	ਦਵਾਈਆਂ ਵਿੱਚ ਵਰਤੋਂ
ਟਾਹਲੀ	ਸੰਘਣੀ ਛਾਂ

6. ਬੁੱਝੀਏ ਤਾਂ ਜਾਣੀਏ:

I. ਫਲ ਮੇਰਾ ਖੱਟਾ-ਮਿੱਠਾ ਹੈ, ਮੇਰੀਆਂ ਟਾਹਣੀਆਂ ਤੋਂ ਟੋਕਰੇ ਬਣਦੇ ਹਨ। ਮੈਂ ਕੌਣ ਹਾਂ?

ii. ਦਾਤਣ ਮੇਰੀ ਥੋੜ੍ਹੀ ਕੌੜੀ ਹੈ ਪਰ ਦੰਦਾਂ ਲਈ ਵਰਦਾਨ ਹੈ। ਮੈਂ ਕੌਣ ਹਾਂ ?

iii. ਧਰਤੀ ਦਾ ਮੈਂ ਸ਼ਿੰਗਾਰ ਹਾਂ, ਮੈਂ ਸਭ ਨੂੰ ਆਕਸੀਜਨ ਦਿੰਦਾ ਹਾਂ। ਮੈਂ ਕੌਣ ਹਾਂ ?

7. ਚਿੱਤਰਕਾਰੀ ਅਤੇ ਸਿਰਜਣਾਤਮਕ ਕਾਰਜ:

ਗਤੀਵਿਧੀ: ਇੱਕ ਸੋਹਣੇ ਰੁੱਖ ਦਾ ਚਿੱਤਰ ਬਣਾਓ ਅਤੇ ਉਸ ਦੇ ਵੱਖ-ਵੱਖ ਹਿੱਸਿਆਂ (ਜੜ੍ਹ, ਤਣਾ, ਟਾਹਣੀ, ਪੱਤੇ, ਫਲ) ਦੇ ਨਾਮ ਪੰਜਾਬੀ ਵਿੱਚ ਲਿਖੋ।

ਗਤੀਵਿਧੀ: "ਰੁੱਖ ਲਗਾਓ, ਵਾਤਾਵਰਨ ਬਚਾਓ" ਵਿਸ਼ੇ'ਤੇ ਇੱਕ ਸਲੋਗਨ/ਨਾਅਰਾ ਲਿਖੋ।

7. ਯੋਗਤਾ-ਆਧਾਰਿਤ ਪ੍ਰਸ਼ਨ:

I. ਜੇਕਰ ਤੁਸੀਂ ਅਨਮੋਲ ਦੀ ਜਗ੍ਹਾ ਹੁੰਦੇ ਤਾਂ ਤੁਸੀਂ ਆਪਣੇ ਜਨਮ-ਦਿਨ ਨੂੰ ਯਾਦਗਾਰ ਬਣਾਉਣ ਲਈ ਕੀ ਕਰਦੇ?

II. ਕੀ ਰੁੱਖ ਲਗਾਉਣਾ ਸਭ ਤੋਂ ਵਧੀਆ ਤੋਹਫ਼ਾ ਹੈ? ਆਪਣੇ ਵਿਚਾਰ ਪੰਜ ਸਤਰਾਂ ਵਿੱਚ ਲਿਖੋ।

8. ਹੇਠ ਲਿਖੀਆਂ 'ਘਟਨਾਵਾਂ ' ਨੂੰ ਕਹਾਣੀ ਦੇ ਅਨੁਸਾਰ ਸਹੀ ਤਰਤੀਬ ਵਿੱਚ ਲਿਖੋ:

- ਦਾਦਾ ਜੀ ਬੱਚਿਆਂ ਨੂੰ ਟਾਹਲੀ ਵਾਲੇ ਖੇਤ ਲੈ ਕੇ ਗਏ।
- ਅਨਮੋਲ ਨੇ ਆਪਣੇ ਜਨਮ ਦਿਨ'ਤੇ ਰੁੱਖ ਲਗਾਉਣ ਦਾ ਵਾਅਦਾ ਕੀਤਾ।
- ਜਸਵੰਤ ਸਿੰਘ ਅਨਮੋਲ ਨੂੰ 15 ਦਿਨਾਂ ਲਈ ਪਿੰਡ ਛੱਡ ਗਿਆ।
- ਬੱਚਿਆਂ ਨੇ ਕਿੱਕਰ ਅਤੇ ਟਾਹਲੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ।
- ਦਾਦੀ ਅਤੇ ਤਾਈ ਨੇ ਬੱਚਿਆਂ ਲਈ ਗੁਲਗੁਲੇ ਅਤੇ ਖੀਰ ਬਣਾਈ।